# ਸਮਾਜ

(ਨਾਟਕ ਸ਼ੁਰੂ ਹੋਣ 'ਤੇ 15 ਕੁੜੀਆਂ ਸਟੇਜ 'ਤੇ ਆਉਂਦੀਆਂ ਹਨ। ਪਹਿਲੇ ਪਿਠ ਕਰਕੇ ਖਲੋ ਜਾਂਦੀਆਂ ਹਨ ਤੇ ਫੇਰ ਆਪਣੇ ਆਪ ਨੂੰ ਵਾਰੀ-ਵਾਰੀ ਦਰਸ਼ਕਾਂ ਨਾਲ ਪਹਿਚਾਣ ਕਰਵਾਉਂਦੀਆਂ ਹਨ।

ਸਾਰੀਆਂ ਇਕੱਠੀਆਂ : ਅਸੀਂ ਕੱਲੀਆਂ ਹਾਂ ਪਰ ਜਦੋਂ ਮਿਲ ਜਾਂਦੀਆਂ ਹਾਂ ਤਾਂ ਅਸੀਂ ਸਮਾਜ ਬਣਾਉਂਦੀਆਂ ਹਾਂ।

*(ਸਾਰੀਆਂ ਕੁੜੀਆਂ ਤਿੰਨ ਗਰੁੱਪਾਂ ਵਿਚ ਵੰਡ ਜਾਂਦੀਆਂ ਹਨ।)*

ਗਰੁੱਪ ਨੰਬਰ 1 : ਇਸ ਸਮਾਜ ਵਿਚ ਜੋ ਕੁਝ ਚੰਗਾ ਹੈ।

2 : ਉਹ ਸਾਡੀ ਪ੍ਰਾਪਤੀ ਹੈ

3 : ਇਸ ਸਮਾਜ ਵਿਚ ਜੋ ਕੁਝ ਗਲਤ ਹੈ

1 : ਉਸਦੀ ਸਾਡੀ ਜ਼ਿੰਮੇਵਾਰੀ ਹੈ।

2 : ਤੇ ਗਲਤ ਇਥੇ ਬਹੁਤ ਕੁਝ ਹੈ।

3 : ਖਾਸ ਕਰਕੇ ਜਿਸਦਾ ਸਬੰਧ ਔਰਤਾਂ ਨਾਲ ਹੈ।

1 : ਇਹ ਮਰਦ ਪ੍ਰਧਾਨ ਸਮਾਜ ਹੈ।

2 : ਇਹ ਔਰਤ ਗੁਲਾਮ ਸਮਾਜ ਹੈ।

3 : ਬੱਚੇ ! ਨੂੰ ਜਨਮ ਔਰਤ ਦੇਂਦੀ ਹੈ।

1 : ਜਨਮ ਪੀੜਾ ਉਹ ਸਹਿੰਦੀ ਹੈ।

2 : ਪਰ ਬੱਚੇ ਦਾ ਨਾਮ

3 : ਜਾ ਜੁੜਦਾ ਹੈ ਬਾਪ ਦੇ ਨਾਮ

1 : ਬਿੱਟੂ ਵੀਨਾ ਰਾਣੀ ਦਾ ਪੁੱਤਰ ਨਹੀਂ

: ਵਿਨੋਦ ਸਾਹਿਬ ਦਾ ਪੁੱਤਰ ਹੈ

2 : ਬੰਟੀ ਸੁਰਜੀਤ ਕੌਰ ਦਾ ਪੁੱਤਰ ਨਹੀਂ ਹਰਜੀਤ ਸਿੰਘ ਦਾ ਪੁੱਤਰ ਹੈ

3 : ਸੈਦਾ - ਸਲੀਕਾ ਬੇਗਮ ਦਾ ਪੁੱਤਰ ਨਹੀਂ ਅਸਲਮ ਖਾਂ ਦਾ ਪੁੱਤਰ ਹੈ।

2 : ਪਰ ਬਿੱਟੂ ਬੰਟੀ, ਸੈਦਾ

1 : ਜੇ ਪੇਸ਼ਾਬ ਕਰ ਦੇਵੇ

3 : ਤਾਂ ਨੈਪਕਿਨ ਵੀਨਾ ਰਾਣੀ ਬਦਲੇਗੀ, ਵਿਨੋਦ ਸਾਹਿਬ ਨਹੀਂ

1 : ਨੈਪਕਿਨ ਨੂੰ ਸਾਬਨ ਸੁਰਜੀਤ ਕੌਰ ਲਗਾਏਗੀ ਹਰਜੀਤ ਸਿੰਘ

ਨਹੀਂ
2 : ਨੈਪਕਿਨ ਨੂੰ ਸੁਕਣੇ ਸਲੀਕਾ ਬੇਗਮ ਪਾਏਗੀ ਅਸਲਮ ਖਾਂ ਨਹੀਂ
3 : ਗਲਤੀ ਮਰਦ ਕਰੇਗਾ
1 : ਗਾਲ੍ਹ ਔਰਤ ਨਾਲ ਜੁੜੇਗੀ
2 : ਇਹ ਗਾਲ੍ਹ ਮਾਂ ਦੀ ਹੋਵੇਗੀ
3 : ਇਹ ਗਾਲ੍ਹ ਭੈਣ ਦੀ ਹੋਵੇਗੀ
1 : ਇਹ ਗਾਲ੍ਹ ਧੀ ਦੀ ਹੋਵੇਗੀ
2 : ਜਿਸ ਸਮਾਜ ਵਿਚ ਮਨੁੱਖ ਦੀ ਜਾਨਣੀ ਦਾ ਇਹ ਸਤਿਕਾਰ ਹੋਵੇ
3 : ਮਨੁੱਖ ਦੀ ਜਨਨੀ ਦਾ ਇਹ ਅਧਿਕਾਰ ਹੋਵੇ
1 : ਕੀ ਉਹ ਸਭਿਆ ਸਮਾਜ ਕਹਿਲਾ ਸਕਦਾ ਹੈ ?
2 : ਨਹੀਂ, ਬਿਲਕੁਲ ਨਹੀਂ
3 : ਇਹ ਗੱਲ ਸਾਨੂੰ ਸਮਝਣੀ ਪਵੇਗੀ।
1 : ਸੋਚਣੀ ਪਵੇਗੀ
2 : ਵਿਚਾਰਨੀ ਪਵੇਗੀ
3 : ਇਹਦੇ ਲਈ ਅਸੀਂ ਨਾਟਕ ਪੇਸ਼ ਕਰ ਰਹੀਆਂ ਹਾਂ।
1 : ਨਾਟਕ ਵਿਚ ਪ੍ਰਵੇਸ਼ ਕਰ ਰਹੀਆਂ ਹਾਂ
2 : ਕੁੜੀਆਂ ਕੁੜੀਆਂ ਨਾਟ ਕਰਾਂਗੀਆਂ
3 : ਮਰਦਾਂ ਦਾ ਸਵਾਂਗ ਕਰਾਂਗੀਆਂ
1 : ਤੇ ਹਰ ਇਕ ਗੱਲ ਸਾਫ ਕਰਾਂਗੀਆਂ

*(ਢੋਲਕੀ ਵਜਦੀ ਹੈ ਕੁੜੀਆਂ ਬੋਲੀ ਪਾਉਂਦੀਆਂ ਹਨ।)*

ਜਿਸ ਦਿਨ ਸੀ ਮੈਂ ਜਨਮ ਧਾਰਿਆ
ਮਾਂ ਸੀ ਹੁੱਬਕੀ ਰੋਈ
ਬਾਪੂ ਦੇ ਮੂੰਹ ਟੁੱਕ ਫੁੱਲ ਗਿਆ
ਪੀੜ ਨਾ ਲੁਕੇ, ਲਕੋਈ
ਸਾਰੇ ਘਰ ਵਿਚ ਮਾਤਮ ਛਾ ਗਿਆ
ਖੁਸ਼ੀ ਦਿਸੇ ਨਾ ਕੋਈ
ਕਿਥੋਂ ਪੱਥਰ ਡਿਗ ਪਿਆ ਵੇਹੜੇ
ਪਿੰਡ 'ਚ ਚਰਚਾ ਹੋਈ
ਨੀ ਏਡੀ ਔਰਤ ਦੀ ਕਿਉਂ ਬੇਕਦਰੀ ਹੋਈ

*(ਗਿਧੇ ਦੇ ਨਾਲ ਰੌਲਾ ਪੈਂਦਾ ਹੈ–ਬਚਾਉ ਬਚਾਉ ਤਿੰਨੇ ਗਰੁੱਪ ਇਕਠੇ ਹੋ ਕੇ ਵੇਖਦੇ ਹਨ।)*

1 : ਇਹ ਚੀਕਾਂ ਦੀ ਆਵਾਜ਼ ਸੁਣ ਰਹੇ ਹੋ

2 : ਇਹ ਘਰ ਦੀ ਨੂੰਹ ਦੀਆਂ ਚੀਕਾਂ ਨੇ।
3 : ਉਹ ਅੱਗੇ ਅੱਗੇ ਦੌੜ ਰਹੀ ਏ।
1 : ਪਿਛੇ ਉਹਦਾ ਪਤੀ ਵੀ ਏ।
2 : ਉਹਦਾ ਦਿਉਰ ਵੀ ਏ।
3 : ਉਹਦੀ ਸੱਸ ਵੀ ਹੈ।
1 : ਉਹਨਾਂ ਨੇ ਉਹਨੂੰ ਫੜ ਲਿਆ ਏ
2 : ਉਹ ਡਿੱਗ ਪਈ ਏ
3 : ਬੁੱਢੀ ਬੋਤਲ ਫੜ ਕੇ ਲਿਆਈ ਏ
1 : ਦੇਖੋ ਤੇਲ ਛਿੱੜਕ ਦਿੱਤਾ
2 : ਪਤੀ ਨੇ ਤੀਲੀ ਲਾਈ ਏ
3 : ਕੁੜੀ ਦੇ ਕਪੜੇ ਸੜ ਰਹੇ ਨੇ
1 : ਕੁੜੀ ਸੜ ਰਹੀ ਏ
2 : ਕੁੜੀ ਮਰ ਰਹੀ ਏ
3 : ਜਦੋਂ ਦੀ ਵਿਆਹੀ ਆਈ ਏ ਤੰਗ ਕਰ ਰਹੇ ਨੇ
1 : ਅੱਖੇ ਦਾਜ ਥੋੜਾ ਲਿਆਈ ਏ
2 : ਪਿਉ ਨੇ 25 ਹਜ਼ਾਰ ਨਕਦ ਦਿੱਤਾ
3 : 25 ਹਜ਼ਾਰ ਨੂੰ ਕੌਣ ਜਾਣਦਾ
1 : ਮਹਿੰਗਾਈ ਹੀ ਬੜੀ ਏ
2 : ਕਿਸੇ ਦੀ ਪੂਰੀ ਨਹੀਂ ਪੈਂਦੀ
3 : ਸਕੂਟਰ 18 ਹਜ਼ਾਰ ਦਾ ਆਉਂਦਾ ਹੈ
1 : ਫਰਿੱਜ਼ 7 ਹਜ਼ਾਰ ਦਾ ਆਉਂਦਾ ਹੈ
2 : 25 ਹਜ਼ਾਰ ਤਾਂ ਇਥੇ ਹੀ ਲਗ ਗਿਆ
3 : ਫੇਰ ਟੀ.ਵੀ. ਵੀ ਚਾਹੀਦਾ ਹੈ
1 : ਉਹ ਵੀ ਰੰਗੀਨ ਚਾਹੀਦਾ ਹੈ
2 : ਹਾਂ ਅੱਜ ਕੱਲ ਟੀ.ਵੀ. ਬਿਨਾਂ ਕੋਈ ਜ਼ਿੰਦਗੀ ਨਹੀਂ
3 : ਟੀ.ਵੀ. ਦੀ ਬੜੀ ਮੌਜ਼ ਏ
1 : ਪਿਕਚਰ ਦੇਖੋ, ਚਿੱਤਰਹਾਰ ਦੇਖੋ
2 : ਹਫਤੇ ਵਿਚ ਦੋ ਵਾਰ ਦੇਖੋ
3 : ਖੇਡ ਖਲਵਾੜ ਦੇਖੋ
1 : ਪ੍ਰੋਗਰਾਮ ਘਰ ਬਾਰ ਦੇਖੋ
2 : ਸਾਬਨ ਦਾ ਇਸ਼ਤਿਹਾਰ ਦੇਖੋ
3 : ਫ਼ੈਸ਼ਨ ਕਰਦੀ ਨਾਰ ਵੇਖੋ

1 : ਤੇਲ ਵੇਖੋ, ਤੇਲ ਦੀ ਧਾਰ ਵੇਖੋ
2 : ਹਰ ਢੰਗ ਦਾ ਸ਼ਿੰਗਾਰ ਵੇਖੋ
3 : ਹਰ ਪਾਸੇ ਮਾਰੋ ਮਾਰ ਵੇਖੋ
1 : ਕੁੜੀ ਮੁੰਡੇ ਦਾ ਪਿਆਰ ਵੇਖੋ
2 : ਨਾਟਕ ਮਜ਼ੇਦਾਰ ਵੇਖੋ
3 : ਹੋ ਰਿਹਾ ਜੋ ਨਾਟਕ ਵੀ ਇਕ ਵਾਰ ਵੇਖੋ
1 : ਵਾਪਰ ਰਿਹਾ ਜੋ, ਉਹ ਸ਼ਾਖਸ਼ਾਤ ਵੇਖੋ
2 : ਮਾਣ ਜਿਸ 'ਤੇ, ਉਹ ਸਭਿਆਚਾਰ ਵੇਖੋ
3 : ਸਾਹਮਣੇ ਹੋ ਰਿਹਾ ਅਤਿਆਚਾਰ ਵੇਖੋ
1 : ਮਰਦ ਦਾ ਅਭਿਮਾਨ ਵੇਖੋ
2 : ਔਰਤ ਦਾ ਅਪਮਾਨ ਵੇਖੋ
3 : ਵੇਖਦੇ ਸਭ ਕੁਝ ਹਾਂ
1 : ਕਰ ਕੁਝ ਸਕਦੇ ਨਹੀਂ
2 : ਅੱਗ ਦੂਜੇ ਦੀ ਸੜ ਸਕਦੇ ਨਹੀਂ
3 : ਗੁਆਂਢ ਮੱਥਾ – ਲੜ ਸਕਦੇ ਨਹੀਂ
1 : ਕੋਈ ਗੈਸ ਨਾਲ ਸੜੇ ਇਹ ਵੀ ਬਹਾਨਾਂ ਹੈ
2 : ਕੋਈ ਸਟੋਵ ਨਾਲ ਸੜੇ ਇਹ ਵੀ ਬਹਾਨਾ ਹੈ

*(ਬੁੱਢੀ ਵੈਣ ਪਾਉਂਦੀ ਹੈ)*

ਹਾਏ ਵੇ ਲੋਕੋ ਮੈਂ ਲੁੱਟੀ ਗਈ – ਹਾਏ
ਮੈਂ ਪੁੱਟੀ ਗਈ – ਹਾਏ
ਮੇਰੀ ਨੂੰਹ ਦੁਨੀਆਂ ਛੱਡ ਗਈ – ਹਾਏ
ਘਰ ਸੁੰਨਾ ਕਰ ਗਈ – ਹਾਏ
ਹੁਣ ਮੇਰੇ ਪੁੱਤ ਨੂੰ ਬੈੱਡ ਟੀ ਕੌਣ ਪਿਆਏਗਾ ਹਾਏ
ਦਫਤਰੋਂ ਆਉਣ ਵੇਲੇ ਬੂਹੇ 'ਤੇ ਉਡੀਕ ਕੌਣ ਕਰੇਗਾ
– ਹਾਏ
ਉਹਨੂੰ ਹੱਥੀਂ ਰੋਟੀ ਪਕਾਕੇ ਕੌਣ ਖਵਾਏਗਾ – ਹਾਏ

*(ਸਮਾਜ ਬੁੜ-ਬੁੜ ਕਰਦਾ ਹੈ, ਪਰ ਇਹ ਆਵਾਜ਼ਾਂ ਸਾਫ ਸੁਣਦੀਆਂ ਹਨ।)*

1 : ਖੇਖਣਹਾਰੀ ਖੇਖਣ ਕਰਦੀ ਹੈ
2 : ਪਾਖੰਡਣ ਪਾਖੰਡ ਕਰਦੀ ਹੈ
3 : ਝੂਠੀ ਚਲਿਤਰ ਕਰਦੀ ਹੈ
ਬੁੱਢੀ : ਨੀ ਗੁਆਂਡਣੋ ਦੂਰੋ ਪਈਆਂ ਕੀ ਵੇਖਦੀਆਂ ਹੋ– ਆਉ ਮੇਰਾ ਦੁੱਖ

ਵੰਡਾਓ, ਮੇਰੇ ਕੋਲ ਆਓ ਮੈਨੂੰ ਰੋਂਦੀ ਨੂੰ ਚੁੱਪ ਕਰਾਓ

*(ਉਹ ਸਾਰੀਆਂ ਬੈਠਕੇ ਵੈਣ ਪਾਉਂਦੀਆਂ ਹਨ ਪਰ ਉਹਨਾਂ ਦੇ ਵੈਣਾਂ ਵਿਚ ਵਿਅੰਗ ਹੈ।)*

1 : ਇਹਦੇ ਪੁੱਤ ਨੂੰ ਬੈੱਡ ਟੀ ਕੌਣ ਪਿਆਏਗਾ ?

ਬੁੱਢੀ : ਹਾਏ !

2 : ਉਹਦੀ ਉਡੀਕ ਕੌਣ ਕਰੇਗਾ ?

ਬੁੱਢੀ : ਹਾਏ !

3 : ਉਹਨੂੰ ਹੱਥੀਂ ਕੌਣ ਖੁਆਏਗਾ ?

ਬੁੱਢੀ : ਹਾਏ !

1 : ਨੀ ਥਾਣੇਦਾਰ।

*(ਸਾਰੀਆਂ ਦੌੜਕੇ ਆਪਣੇ-ਆਪਣੇ ਗਰੁੱਪ ਵਿਚ ਖਲੋ ਜਾਂਦੀਆਂ ਹਨ।)*

1 : ਆ ਰਹੇ ਨੇ ਥਾਣੇਦਾਰ

2 : ਕਾਨੂੰਨ ਦੇ ਜੋ ਪਹਿਰੇਦਾਰ

3 : ਖਾਕੀ ਇਹਨਾਂ ਦੀ ਵਰਦੀ ਹੈ

1 : ਦੁਨੀਆਂ ਇਹਨਾਂ ਤੋਂ ਡਰਦੀ ਹੈ

*(ਥਾਣੇਦਾਰ ਤੇ 2 ਸਿਪਾਹੀ ਆਉਂਦੇ ਹਨ।)*

ਥਾਣੇਦਾਰ : ਤੁਹਾਡੇ ਗੁਆਂਢ ਇਕ ਕੁੜੀ ਸੜ ਕੇ ਮਰ ਗਈ ਤੁਹਾਨੂੰ ਕੁਝ ਪਤਾ ਏ?

ਸਿਪਾਹੀ 1 : ਤੁਹਾਡੇ ਗੁਆਂਢ ਇਕ ਕੁੜੀ ਸੜ ਕੇ ਮਰ ਗਈ ਤੁਹਾਨੂੰ ਕੁਝ ਪਤਾ ਏ?

ਸਿਪਾਹੀ 2 : ਤੁਹਾਡੇ ਗੁਆਂਢ ਇਕ ਕੁੜੀ ਸੜ ਕੇ ਮਰ ਗਈ ਤੁਹਾਨੂੰ ਕੁਝ ਪਤਾ ਏ?

1 : ਸੜਕੇ ਨਹੀਂ ਜੀ ਸਾੜਕੇ ਮਾਰੀ ਏ

2 : ਮਿੱਟੀ ਦਾ ਤੇਲ ਸੱਸ ਨੇ ਪਾਇਆ ਏ

3 : ਮਾਚਸ ਦੀ ਤੀਲੀ ਪਤੀ ਨੇ ਲਾਈ ਏ

ਥਾਣੇਦਾਰ : ਅੱਛਾ ਫੇਰ ਤਾਂ ਤੁਸੀਂ ਆਪਣੀਆਂ ਅੱਖਾਂ ਨਾਲ ਵੇਖਿਆ ਹੋਣਾ ਏ ?

ਸਿਪਾਹੀ 1 : ਫੇਰ ਤੁਸੀਂ ਵੀ ਆਪਣੀਆਂ ਅੱਖਾਂ ਨਾਲ ਵੇਖਿਆ ਹੋਣਾਂ ?

ਸਿਪਾਹੀ 2 : ਬੀਬਾ ਤੁਸੀਂ ਵੀ ਆਪਣੀਆਂ ਅੱਖਾਂ ਨਾਲ ਵੇਖਿਆ ਹੋਣਾਂ ਏ ?

1 : ਇਹਨਾਂ ਅੱਖਾਂ ਨਾਲ ਵੇਖਿਆ ਏ

2 : ਸਭ ਕੁਝ ਪ੍ਰਤੱਖ ਵੇਖਿਆ ਏ

3 : ਸਭ ਕੁਝ ਸਾਫ-ਸਾਫ ਵੇਖਿਆ ਏ

ਥਾਣੇਦਾਰ : ਤੁਹਾਡਾ ਨਾਂ ਕੀ ਏ ?

*(ਗਰੁੱਪ ਨੰ: 1 ਨੂੰ)*

1 : ਨਾਂ !

ਸਿਪਾਹੀ 1 : ਤੁਹਾਡਾ ਨਾਂ ਕੀ ਏ ?

*(ਗਰੁੱਪ ਨੰ: 2 ਨੂੰ)*

2 : ਨਾਂ !

ਸਿਪਾਹੀ 2 : ਬੀਬੀ ਤੁਹਾਡਾ ਨਾਂ ਕੀ ਏ ?

*(ਗਰੁੱਪ ਨੰ: 3 ਨੂੰ)*

3 : ਨਾਂ !

1, 2, 3 : ਨਾਂ ਪੁੱਛਕੇ ਕੀ ਕਰੋਗੇ ?

ਥਾਣੇਦਾਰ : ਥਾਣੇ ਲਿਜਾਵਾਂਗੇ।

1 : ਥਾਣੇ !

ਸਿਪਾਹੀ 1 : ਪੁਲਿਸ ਕਾਰਵਾਈ।

2 : ਪੁਲਿਸ ਕਾਰਵਾਈ !

ਸਿਪਾਹੀ 2 : ਕਚਿਹਰੀ ਬੁਲਾਵਾਂਗੇ।

3 : ਕਚਿਹਰੀ !

1, 2, 3 : ਫੇਰ ਅਸੀਂ ਕੁਝ ਨਹੀਂ ਵੇਖਿਆ

ਥਾਣੇਦਾਰ : ਕੁਝ ਨਹੀਂ ਵੇਖਿਆ ?

ਸਾਰੀਆਂ : ਹਾਂ ਅਸੀਂ ਕੁਝ ਨਹੀਂ ਵੇਖਿਆ।

ਥਾਣੇਦਾਰ : ਤੁਸੀਂ ਕਿਥੇ ਰਹਿੰਦੀਆਂ ਹੋ ?

*(ਨੰ: 1 ਨੂੰ)*

1 : ਅਸੀਂ 107 ਨੰਬਰ ਵਿਚ ਰਹਿੰਦੀਆਂ ਹਾਂ।

ਥਾਣੇਦਾਰ : ਤੁਹਾਡੇ ਗੁਆਂਢ 106 ਨੰਬਰ ਵਿਚ ਇਕ ਕੁੜੀ ਸੜਕੇ ਮਰ ਗਈ, ਤਸੀਂ ਕੁਝ ਜਾਣਦੀਆਂ ਹੋ ?

1 : ਨਾ।

ਸਿਪਾਹੀ 1 : ਤੁਸੀਂ ਕਿਥੇ ਰਹਿੰਦੀਆਂ ਹੋ ?

2 : ਅਸੀਂ 108 ਨੰਬਰ ਵਿਚ ਰਹਿੰਦੀਆਂ ਹਾਂ।

ਸਿਪਾਹੀ 1 : 106 ਨੰਬਰ ਵਿਚ ਇਕ ਕੁੜੀ ਸੜਕੇ ਮਰ ਗਈ, ਤੁਸੀਂ ਕੁਝ ਜਾਣਦੀਆਂ ਹੋ ?

2 : ਜਦੋਂ 107 ਨੰਬਰ ਵਾਲੀਆਂ ਨਹੀਂ ਜਾਣਦੀਆਂ ਤਾਂ ਅਸੀਂ ਕਿਥੋਂ ਜਾਣਾਂਗੀਆਂ।

ਸਿਪਾਹੀ 2 : ਬੀਬਾ ਤੁਸੀਂ ਕਿਥੇ ਰਹਿੰਦੀਆਂ ਹੋ ?

3 : ਅਸੀਂ 109 ਵਿਚ ਰਹਿੰਦੀਆਂ ਹਾਂ- ਪਰ ਜਾਣਦੀਆਂ ਕੁਝ ਨਹੀਂ।

ਥਾਣੇਦਾਰ : (ਖਿੱਝਕੇ) ਫੇਰ ਤੁਸੀਂ ਜਾਣਦੀਆਂ ਕੀ ਹੋ ?

1, 2, 3 : ਅਸੀਂ ਗਾਂਧੀ ਜੀ ਦੇ ਤਿੰਨ ਬਾਂਦਰਾਂ ਨੂੰ ਜਾਣਦੀਆਂ ਹਾਂ।

ਸਿਪਾਹੀ 1, 2 : ਬਾਂਦਰ!

1 : ਨਾ ਬੁਰਾ ਵੇਖਦੀਆਂ ਹਾਂ।

2 : ਨਾ ਬੁਰਾ ਸੁਣਦੀਆਂ ਹਾਂ।

3 : ਨਾ ਬੁਰਾ ਬੋਲਦੀਆਂ ਹਾਂ।

ਇਕੱਠੀਆਂ : ਈਸ਼ਵਰ ਅੱਲਾ ਤੇਰੇ ਨਾਮ ਸਭ ਕੋ ਸਨਮਤੀ ਦੇ ਭਗਵਾਨ।

*(ਥਾਣੇਦਾਰ ਤੇ 2 ਸਿਪਾਹੀ ਜਾਂਦੇ ਹਨ।)*

*(ਰੌਲਾ ਪੈਂਦਾ ਹੈ)*

*(ਜੱਜ ਆਉਂਦਾ ਹੈ)*

ਸਮਾਜ : ਜੱਜ ਸਾਹਿਬ ਆ ਰਹੇ ਨੇ।

1, 2, 3 : ਵੇਖੋ ਕੀ ਫੈਸਲਾ ਹੁੰਦਾ ਹੈ ?

ਜੱਜ : ਆਰਡਰ-ਆਰਡਰ-ਆਰਡਰ
ਕੋਈ ਚਸ਼ਮਦੀਦ ਗਵਾਹ

ਇਕੱਠੀਆਂ ਸਾਰੀਆਂ : ਨਹੀਂ ਕੋਈ ਨਹੀਂ।

ਜੱਜ : ਮਰਨ ਵੇਲੇ ਕੁੜੀ ਦਾ ਬਿਆਨ ?

ਇਕੱਠੇ ਸਾਰੇ : ਪੁਲਿਸ ਪੁੱਜਣ ਤੋਂ ਪਹਿਲਾਂ ਕੁੜੀ ਮਰ ਚੁੱਕੀ ਸੀ।

ਜੱਜ : ਮੁਕੱਦਮੇ ਦੀ ਬੁਨਿਆਦ ?

ਇਕੱਠ : ਕੁੜੀ ਦੇ ਮਾਂ-ਪਿਆਂ ਦਾ ਬਿਆਨ ?

ਜੱਜ : ਕੋਈ ਹੋਰ ਸਬੂਤ ?

ਇਕੱਠੇ : ਨਹੀਂ।

ਜੱਜ : ਸਬੂਤ ਕੋਈ ਨਹੀਂ- ਗਵਾਹ ਕੋਈ ਨਹੀਂ, ਏਸ ਲਈ ਮੁਕੱਦਮਾ ਖਾਰਜ।

*(ਜੱਜ ਬਾਹਰ ਜਾਂਦਾ ਹੈ।)*

1 : ਸਾਡਾ ਕਾਨੂੰਨ ਸਬੂਤ 'ਤੇ ਖਲੋਤਾ ਹੈ।

2 : ਸਬੂਤ ਕੋਈ ਨਹੀਂ।

3 : ਮੁਕੱਦਮਾ ਖਾਰਿਜ਼

1 : ਮੁਲਾਜ਼ਿਮ ਬਰੀ

2 : ਇਕ ਬਾਬਲ ਦੀ ਧੀ ਮਰ ਗਈ।

3 : ਕੀ ਸਮਾਜ ਨੂੰ ਸ਼ਰਮ ਆਈ ?
1 : ਨਹੀਂ ਬਿਲਕੁਲ ਨਹੀਂ
2 : ਪਰ ਸਮਾਜ ਨੂੰ ਸ਼ਰਮ ਆਉਣੀ ਚਾਹੀਦੀ ਹੈ।
3 : ਹਾਂ ਸਮਾਜ ਨੂੰ ਸ਼ਰਮ ਆਉਣੀ ਚਾਹੀਦੀ ਹੈ।
ਇਕੱਠੇ ਸਾਰੇ : ਇਹ ਸੀ ਨਾਟਕ ਦੀ ਪਹਿਲੀ ਝਾਕੀ ਉਠਣਾ ਨਾ ਹਾਲੇ ਹੋਰ ਹੈ ਬਾਕੀ।

*(ਢੋਲਕੀ ਵੱਜਦੀ ਹੈ ਤੇ ਚੱਕਰ ਲਾਕੇ ਸਮਾਜ ਫਿਰ ਤਿੰਨ ਗਰੁੱਪ ਵਿਚ ਖਲੋਂਦਾ ਹੈ।)*

### ਭਾਗ 2

1 : ਸਾਰੇ ਸਮਾਜ ਵਿਚ ਘਰ ਦਾ ਪ੍ਰਬੰਧ ਚਲਾਉਣ ਦੀ ਜ਼ਿੰਮੇਵਾਰੀ ਔਰਤ ਦੀ ਹੈ।
2 : ਇਹ ਜ਼ਿੰਮੇਵਾਰੀ ਵੱਧਦੀ ਮਹਿੰਗਾਈ ਵਿਚ ਨਿਭਾਉਣੀ ਬਹੁਤ ਔਖੀ ਹੋ ਜਾਂਦੀ ਹੈ।
3 : ਪਰ ਇਹ ਹੋਰ ਵੀ ਔਖੀ ਹੋ ਜਾਂਦੀ ਹੈ ਜੇ ਘਰ ਦਾ ਮਰਦ ਨਸ਼ਿਆਂ ਦਾ ਐਬੀ ਹੋ ਜਾਵੇ।
1 : ਘਰ ਦੀਆਂ ਲੋੜਾਂ ਪੂਰੀਆਂ ਹੋਣ ਨਾ ਹੋਣ।
2 : ਉਸਨੂੰ ਬੋਤਲ ਜ਼ਰੂਰ ਮਿਲਣੀ ਚਾਹੀਦੀ ਹੈ।
3 : ਨਸ਼ੇ 'ਚ ਚੂਰ।
1 : ਉਹ ਸਾਰੀਆਂ ਨੈਤਿਕ ਕਦਰਾਂ ਕੀਮਤਾਂ ਭੁੱਲ ਜਾਂਦਾ ਹੈ।
2 : ਉਹ ਘਰ ਵਾਲਿਆਂ ਨੂੰ ਮਾਰਦਾ ਹੈ।
3 : ਆਪਣੀ ਪਤਨੀ ਨੂੰ ਬੁਰਾ ਭਲਾ ਕਹਿੰਦਾ ਹੈ।
1 : ਉਹਦੇ 'ਤੇ ਝੂਠੇ ਦੂਸ਼ਨ ਲਾਉਂਦਾ ਹੈ।
2 : ਚਾਰ ਸੌ ਚਲਿਤਰ ਕਹਿਕੇ ਉਹਦੀ ਜਿੰਦ ਤੜਪਾਉਂਦਾ ਹੈ।
3 : ਗੁੱਤ ਪਿਛੇ ਮਤ ਦਾ ਅਖਾਂਣ ਸੁਣਾਉਂਦਾ ਹੈ।
1 : ਪੈਰ ਦੀ ਜੁੱਤੀ ਸਮਝਕੇ ਪੈਰਾਂ ਵਿਚ ਰੋਲਾਂਦਾ ਹੈ।
2 : ਪਰ ਔਰਤ ਨੂੰ ਆਖਿਆ ਜਾਂਦਾ ਹੈ।
3 : ਉਹ ਪਤੀ ਦੀ ਸੇਵਾ ਕਰੇ।
1 : ਪਤੀ ਨੂੰ ਪ੍ਰਮੇਸ਼ਵਰ ਕਰਕੇ ਜਾਣੇ।
2 : ਕੀ ਐਬੀ ਪਤੀ ਨੂੰ ਪ੍ਰਮੇਸ਼ਵਰ ਕਰਕੇ ਜਾਣਿਆ ਜਾਵੇ।
3 : ਜਾਂ ਉਹਨੂੰ ਸੋਧਿਆ ਜਾਵੇ।
1 : ਇਹ ਇਕ ਲੋਕ ਬੋਲੀ ਹੈ।

2 : ਇਹ ਇਕ ਨਾਟਕ ਹੈ।

*(ਸ਼ਰਾਬੀ ਆਉਂਦਾ ਹੈ।)*

ਸ਼ਰਾਬੀ : ਬਸੰਤੀਏ ਬੂਹਾ ਖੋਲ। ਮੈਂ ਕਿਹਾ ਬੂਹਾ ਖੋਲ

ਬਸੰਤੀ : (ਦਰਸ਼ਕਾਂ ਨੂੰ) ਫੇਰ ਪੀ ਕੇ ਆ ਗਿਆ ਏ ਇਹਦੇ ਨਿੱਤ ਦੇ ਚਾਲੇ ਨੇ

ਸ਼ਰਾਬੀ : ਬੂਹਾ ਕਿਉਂ ਨਹੀਂ ਖੋਲਦੀ – ਕਿਹਦੇ ਨਾਲ ਗੱਲਾਂ ਪਈ ਕਰਦੀ ਹੈ ?

ਬਸੰਤੀ : ਖੋਲਦੀ ਹਾਂ ਖੋਲਦੀ ਹਾਂ, ਕਿਉਂ ਮੁਹੱਲਾ ਸਿਰ 'ਤੇ ਚੁੱਕਿਆ ਏ।

*(ਬੂਹਾ ਖੋਲਦੀ ਹੈ)*

ਸ਼ਰਾਬੀ : ਕਿਹਦੇ ਨਾਲ ਗੱਲਾਂ ਪਈ ਕਰਦੀ ਸੀ ? ਕਿਥੇ ਛੁਪਾਇਆ ਆਪਣੇ ਉਸ ਦੇ ਨੂੰ ?

ਬਸੰਤੀ : ਕਿਉਂ ਬਕਵਾਸ ਕਰਦਾ ਏਂ ?

ਸ਼ਰਾਬੀ : ਬਕਵਾਸ ਮੈਂ ਕਰਦਾ ਹਾਂ ਕਿ ਤੂੰ– ਚੱਲ ਰੋਟੀ ਦੇ।

ਬਸੰਤੀ : ਰੋਟੀ ਕਿਥੋਂ ਦੇਵਾਂ– ਨਾ ਘਰ ਆਟਾ ਨਾ ਕੋਈ ਹੋਰ ਚੀਜ਼ ਏ।

ਸ਼ਰਾਬੀ : ਭੁੱਖਿਆਂ ਦੀ ਧੀ, ਆਪ ਵੀ ਭੁੱਖਿਆਂ ਮਰੇਗੀ ਤੇ ਮੈਨੂੰ ਵੀ ਭੁੱਖਿਆਂ ਮਾਰੇਗੀ।

ਬਸੰਤੀ : ਸ਼ੁਕਰ ਏ ਰਜਿਆਂ ਦੇ ਘਰ ਤਾਂ ਆਈ ਹਾਂ।

ਸ਼ਰਾਬੀ : ਜ਼ੁਬਾਨ ਚਲਾਉਂਦੀ ਏ ਪਤੀ ਪ੍ਰਮੇਸ਼ਵਰ ਅੱਗੇ।

*(ਚਪੇੜ ਮਾਰਦਾ ਹੈ)*

ਬਸੰਤੀ : ਤੂੰ ਪਤੀ ਪ੍ਰਮੇਸ਼ਵਰ ਨਹੀਂ– ਸ਼ਰਾਬੀ ਏਂ– ਐਬੀ ਏਂ

ਸ਼ਰਾਬੀ : ਠਹਿਰ ਭੂਤਨੀਏ– ਤੈਨੂੰ ਸਬਕ ਸਿਖਾਉਂਦਾ ਹਾਂ।

*(ਉਹ ਅੱਗੇ-ਅੱਗੇ ਦੌੜਦੀ ਹੈ ਤੇ ਪਿਛੇ ਸ਼ਰਾਬੀ ਮਾਰਨ ਦੀ ਮੁਦਰਾ ਵਿਚ ਫਰੀਜ਼ ਹੁੰਦਾ ਹੈ।*

ਬਸੰਤੀ : (ਸਮਾਜ ਨੂੰ) ਕੀ ਇਹ ਪਤੀ ਪ੍ਰਮੇਸ਼ਵਰ ਹੈ ?

ਸਮਾਜ : ਨਹੀਂ ਬਿਲਕੁਲ ਨਹੀਂ।

ਬਸੰਤੀ : ਫੇਰ ਮੈਂ ਕੀ ਕਰਾਂ ?

ਸਮਾਜ : ਤੂੰ ਆਪਣੇ ਹੱਕ ਲਈ ਲੜ।

ਬਸੰਤੀ : ਮੈਂ ਆਪਣੇ ਹੱਕ ਲਈ ਲੜਾਂ ?

*(ਨੰ: 3 ਨੂੰ)*

ਸਮਾਜ : ਹਾਂ ਤੂੰ ਲੜ।

*(ਅੱਗੇ-2 ਸ਼ਾਰਬੀ ਪਿਛੇ-ਪਿਛੇ ਪਤਨੀ ਦੌੜਦੀ ਹੈ।)*

ਬੋਲੀ : ਪੀਣ ਸ਼ਰਾਬਾਂ ਠੇਕੇ ਜਾਕੇ– ਗਈ ਰਾਤ ਘਰ ਆਉਂਦੈ,

ਬਾਰ ਖੋਲਦਿਆਂ ਕਿਉਂ ਚਿਰ ਲਾਇਆ ਘਰ ਦੀਆਂ ਤਾਈਂ ਡਰਾਂਦੇ,
ਰੋਟੀ ਸਬਜੀ ਬਣੀ ਨਾ ਚੰਗੀ ਲੜਦੇ ਖਾਂਦੇ-ਖਾਂਦੇ,
ਰੰਨ ਸੁੰਡ ਕਹਿੰ ਪੱਲੇ ਪੈ ਗਈ ਉਲਟ ਤੁਹਮਤਾਂ ਲਾਉਂਦੇ।
ਕੀ ਖੱਟੀ ਖੱਟ ਲਿਆਉ ਬੇਸ਼ਰਮੋਂ- ਰੋਅਬ ਤੁਸੀਂ ਜੋ ਪਾਉਂਦੇ ਨੀ ਐਬੀ
ਨਸ਼ਿਆਂ ਦੇ ਅੰਤ ਜੂਤ ਨੇ ਖਾਂਦੇ- ਨੀ...

*(ਢੋਲਦੀ ਵਜਦੀ ਹੈ ਫਿਰ ਘੁੰਮਕੇ ਦੁਬਾਰਾ ਖਲੋਂਦੀਆਂ ਹਨ।)*

## ਭਾਗ 3

1 : ਔਰਤ ਸਾਡੇ ਸਮਾਜ ਵਿਚ ਮਰਦ ਦੇ ਹੱਥ ਖਿਡੌਣਾ ਹੈ।
2 : ਇਹ ਖਿਡੌਣੇ ਨਾਲ ਖੇਡਿਆ ਜਾ ਸਕਦਾ ਹੈ।
3 : ਤੇ ਲੋੜ ਪੈਣ 'ਤੇ ਤੋੜਿਆ ਜਾ ਸਕਦਾ ਹੈ।
1 : ਗੜਬੜ ਹੋਵੇ।
2 : ਝਗੜਾ ਹੋਵੇ।
3 : ਲੜਾਈ ਹੋਵੇ।
1 : ਫਿਰਕੂ ਫਸਾਦ ਹੋਵੇ।
2 : ਜੰਗ ਹੋਵੇ।
3 : ਦੇਸ਼ ਦੀ ਵੰਡ ਹੋਵੇ।
1 : ਸ਼ਿਕਾਰ ਸਭ ਤੋਂ ਪਹਿਲਾਂ ਔਰਤ ਨੂੰ ਬਣਾਇਆ ਜਾਂਦਾ ਹੈ।
2 : ਉਹਦੀ ਅਜ਼ਮਤ ਨੂੰ ਬਣਾਇਆ ਜਾਂਦਾ ਹੈ।
3 : ਉਹਦੀ ਇੱਜ਼ਤ ਨੂੰ ਬਣਾਇਆ ਜਾਂਦਾ ਹੈ
1 : 1947 ਵਿਚ
2 : ਪਾਕਿਸਤਾਨ ਬਣਿਆ।
3 : ਹਿੰਦੁਸਤਾਨ ਬਣਿਆ।
1 : ਖੂਹਾਂ ਵਿਚ ਛਾਲਾਂ ਕੁੜੀਆਂ ਨੇ ਮਾਰੀਆਂ।
2 : ਜ਼ਹਿਰ ਦੀਆਂ ਪੁੜੀਆਂ ਕੁੜੀਆਂ ਨੇ ਖਾਧੀਆਂ।
3 : ਮਾਪਿਆਂ ਨੇ ਗਲੇ ਕੁੜੀਆਂ ਦੇ ਘੁੱਟੇ।
1 : ਸਿਆਸੀ ਫੈਸਲੇ ਕਰਨ ਮਰਦ
2 : ਨਤੀਜੇ ਭੋਗਣ ਔਰਤਾਂ
3 : ਦੁੱਖ ਉਠਾਉਣ ਔਰਤਾਂ।
1 : ਜੰਗਾਂ ਕਰਨ ਮਰਦ
2 : ਨਿਪੁੱਤੀਆਂ ਹੋਣ ਔਰਤਾਂ
3 : ਵਿਧਵਾ ਹੋਣ ਔਰਤਾਂ

1 : ਹਰ ਇਕ ਆਜ਼ਾਦੀ ਮਰਦ ਲਈ
2 : ਹਰ ਇਕ ਬੰਦਸ਼ ਔਰਤ ਲਈ
3 : ਹਰ ਇਕ ਜਕੜ ਔਰਤ ਲਈ
1 : ਇਹ ਨਾ ਕਰੋ–ਉਹ ਨਾ ਕਰੋ
2 : ਇਹ ਨਾ ਖਾਓ–ਉਹ ਨਾ ਖਾਓ
3 : ਇਹ ਨਾ ਪਾਓ–ਉਹ ਨਾ ਪਾਓ
1 : ਪਰਦਾ ਕਰੋ
2 : ਬੁਰਕਾ ਪਾਓ
3 : ਸਿਰ ਨੂੰ ਢੱਕੋ
1 : ਕੁੜੀਆਂ ਲਈ ਸ਼ਰਮ
2 : ਕੁੜੀਆਂ ਲਈ ਹਯਾ
3 : ਤੇ ਮੁੰਡਿਆਂ ਲਈ ਖੁੱਲੀ ਛੁੱਟ
1 : ਤੇ ਆ ਰਹੇ ਨੇ ਕੁਝ ਲੋਫਰ ਮੁੰਡੇ
2 : ਵਿਹਲੇ ਤੇ ਮੁਸ਼ਟੰਡੇ
3 : ਲੁੱਚੇ ਤੇ ਗੁੰਡੇ
1 : ਭੈੜੀਆਂ ਨਜ਼ਰਾਂ ਵਾਲੇ
2 : ਰਾਣੀ ਖਾਂ ਦੇ ਸਾਲੇ
3 : ਪੁੱਠੇ ਇਹਨਾਂ ਦੇ ਚਾਲੇ

*(ਗੁੰਡੇ ਆਉਂਦੇ ਹਨ– ਦੂਸਰੇ ਪਾਸੇ ਕੁੜੀਆਂ ਆਉਂਦੀਆਂ ਹਨ ਤੇ ਮੁੰਡੇ ਛੇੜਖਾਨੀ ਕਰਦੇ ਹਨ।)*

ਗੁੰਡਾ 1 : ਮੈਂ ਕਿਹਾ ਸੋਹਣਿਓ ਕਿਥੇ ਚਲੇ ਹੋ
ਗੁੰਡਾ 2 : ਸਾਡੇ ਨਾਲ ਵੀ ਨਜ਼ਰਾਂ ਮਿਲਾਓ
ਗੁੰਡਾ 3 : ਅਸੀਂ ਵੀ ਰਾਹਾਂ 'ਚ ਖੜ੍ਹੇ ਹਾਂ।
ਕੁੜੀਆਂ : ਨਜ਼ਰਾਂ ਨੂੰ ਸਾਂਭ ਕੇ ਰੱਖ ਲੈ ਕਿਤੇ ਜੁੱਤੀਆਂ ਨਾ ਪੈ ਜਾਣ।
ਗੁੰਡੇ : ਇਹ ਨੇ ਕੁੜੀਆਂ ਤਿਖੀਆਂ ਦਿਲ ਚੀਰ ਕੇ ਰੱਖ ਗਈਆਂ।
ਕੁੜੀ 1 : ਬੇਸ਼ਰਮ
ਕੁੜੀ 2 : ਸ਼ਰਮ ਨਹੀਂ ਆਉਂਦੀ।
ਗੁੰਡਾ 1 : ਸ਼ਰਮ ਸਾਨੂੰ ਕਿਥੇ ?
ਗੁੰਡਾ 2 : ਸ਼ਰਮ ਤੇ ਸਾਡੇ ਕੋਲੋਂ ਨਹੀਂ ਲੰਘਦੀ।
ਗੁੰਡਾ 3 : ਸ਼ਰਮ ਤੇ ਸਾਡੇ ਪਿਓ ਦਾਦੇ ਨੂੰ ਨਹੀਂ ਸੀ।
ਕੁੜੀ 1 : ਪੱਕੇ ਬੇਸ਼ਰਮ ਨੇ।
ਕੁੜੀ 2 : ਖਾਨਦਾਨੀ ਬੇਸ਼ਰਮ ਨੇ।

ਗੁੰਡਾ 1 : ਕੁੜੀ ਨਹਾ ਕੇ ਛੱਪੜ 'ਚੋਂ ਨਿਕਲੀ ਸੁਲਫੇ ਦੀ ਲਾਟ ਵਰਗੀ।
ਕੁੜੀ 1 : ਮੁੰਡੇ ਨਿਕਲੇ ਛੱਪੜ 'ਚੋ ਨਾਕੇ ਡੱਡੂ ਦੀ ਬੂਥੀ ਵਰਗੇ।
ਗੁੰਡਾ 1 : ਡੱਡੂ।
ਕੁੜੀਆਂ : ਹਾਂ ਡੱਡੂ-ਡੱਡੂ-ਡੱਡੂ
ਕੁੜੀਆਂ : (ਸਮਾਜ ਨੂੰ) ਕੀ ਸਮਾਜ ਇਹਨਾਂ ਬਾਰੇ ਕੁਝ ਕਰੇਗਾ ?
ਸਮਾਜ : ਤੁਸੀਂ ਕੀ ਚਾਹੁੰਦੀਆਂ ਹੋ ?
ਕੁੜੀਆਂ : ਇਹਨਾਂ ਨੂੰ ਨੱਥ ਪਾਈ ਜਾਏ-ਇਹਨਾਂ ਦੀ ਖੁੰਬ ਠੱਪੀ ਜਾਏ।

*(ਸਮਾਜ ਗੁੰਡਿਆਂ ਨੂੰ ਘੇਰਦਾ ਹੈ ਤੇ ਬੋਲੀ ਪਾਈ ਜਾਂਦੀ ਹੈ।)*

ਸਾਡੇ ਸ਼ਹਿਰ ਦੇ ਮੁੰਡੇ ਵੇਖਲੋ-ਪੁੱਠੇ ਇਹਨਾਂ ਦੇ ਚਾਲੇ
ਕੰਘੀਆਂ ਪੱਟੀਆਂ ਕਰ-ਕਰ ਰਖਦੇ, ਰਾਣੀ ਖਾਂ ਦੇ ਸਾਲੇ
ਆਉਂਦੀ ਜਾਂਦੀ ਨੂੰ ਇਹ ਛੇੜਦੇ, ਕੰਮ ਲੋਫਰਾਂ ਵਾਲੇ
ਜੇ ਸਮਝਾਵੇ ਇਹਨਾਂ ਨੂੰ ਕੋਈ, ਹੁੰਦੇ ਉਹਨਾਂ ਦੁਆਲੇ
ਲੋਕੋ ਨੱਥ ਪਾਵੋ-ਇਹ ਸੂਤ ਹੋਣ ਨੇ ਵਾਲੇ-ਲੋਕੋ...

*(ਢੋਲਕੀ ਵਜਦੀ ਹੈ ਚੱਕਰ ਲਗਦਾ ਹੈ।)*

## ਭਾਗ 4

*(ਤਿੰਨ ਭੈਣਾਂ ਦੇ ਭੂਤ ਚਲਦੇ ਹਨ ਤੇ ਸਮਾਜ ਉਹਨਾਂ ਤੋਂ ਡਰਦਾ ਹੈ ਤੇ ਭੂਤ ਚੱਕਰ ਲਾਕੇ ਖਲੋਂਦੇ ਹਨ।)*

ਸਮਾਜ : ਕੌਣ ਹੋ ਤੁਸੀਂ ?
ਭੈਣਾਂ : ਅਸੀਂ ਤਿੰਨ ਭੈਣਾਂ ਦੀਆਂ ਰੂਹਾਂ ਹਾਂ।
ਸਮਾਜ : ਰੂਹਾਂ।
ਭੈਣਾਂ : ਹਾਂ-ਸਾਡੀ ਅਸਲੀ ਜ਼ਿੰਦਗੀ ਮੁੱਕ ਚੁੱਕੀ ਹੈ।
ਸਮਾਜ : ਫੇਰ ਤੁਸੀਂ ਕਿਉਂ ਆਈਆਂ ਹੋ
ਭੈਣਾਂ : ਅਸੀਂ ਸਮਾਜ ਨਾਲ ਗੱਲਾਂ ਕਰਨੀਆਂ ਹਨ-ਕੁਝ ਸਵਾਲ ਪੁੱਛਣੇ ਨੇ
ਸਮਾਜ : ਕੀ ਸਵਾਲ ਪੁੱਛਣੇ ਨੇ
ਭੈਣਾਂ : ਸਾਨੂੰ ਆਪਣੀਆਂ ਜ਼ਿੰਦਗੀਆਂ ਖਤਮ ਕਿਉਂ ਕਰਨੀਆਂ ਪਈਆਂ
ਸਮਾਜ : ਅਸੀਂ ਭਲਾ ਇਹਦਾ ਕੀ ਜਵਾਬ ਦੇਈਏ।
ਭੈਣਾਂ : ਤੁਹਾਨੂੰ ਜਵਾਬ ਦੇਣਾਂ ਪਵੇਗਾ।
ਸਮਾਜ : ਕਿਉਂ ?
ਭੈਣਾਂ : ਕਿਉਂਕਿ ਤੁਸੀਂ ਮਿਲਕੇ ਸਮਾਜ ਬਣਾਉਂਦੇ ਹੋ-ਤੁਸੀਂ ਸਾਨੂੰ ਮਾਰਿਆ ਹੈ।

ਸਮਾਜ : ਅਸੀਂ ਨਹੀਂ ਮਾਰਿਆ, ਸਾਡੀਆਂ ਰਹੁ ਰੀਤੀਆਂ ਨੇ ਮਾਰਿਆ ਹੈ।
ਭੈਣਾਂ : ਇਹ ਰਹੁ ਰੀਤੀਆਂ ਤੁਹਾਡੀਆਂ ਹੀ ਬਣਾਈਆਂ ਹੋਈਆਂ ਹਨ।
ਸਮਾਜ : ਇਹਦੇ ਵਿਚ ਸਾਡਾ ਕੀ ਕਸੂਰ ਹੈ।
ਭੈਣਾਂ : ਕਿਉਂਕਿ ਤੁਸੀਂ ਰਹੁ ਰੀਤੀਆਂ ਤੋਂ ਛੁਟਕਾਰਾ ਨਹੀਂ ਪਾਉਂਦੇ।
ਸਮਾਜ : ਕਿਹੜੀਆਂ ਰਹੁ ਰੀਤੀਆਂ ਤੋਂ ?
ਭੈਣਾਂ : ਕੀ ਤੁਹਾਨੂੰ ਨਹੀਂ ਪਤਾ ?
ਸਮਾਜ : ਨਹੀਂ।
ਭੈਣਾਂ : ਸਮਾਜ ਚੁੱਪ ਕਿਉਂ ਹੈ ? ਤਾਂ ਸੁਣੋ। ਕਿਸੇ ਘਰ ਵਿਚ ਜਦੋਂ ਧੀ ਜੰਮਦੀ ਹੈ ਤਾਂ ਮਾਪਿਆਂ ਨੂੰ ਵਧਾਈ ਕਿਉਂ ਨਹੀਂ ਦਿੱਤੀ ਜਾਂਦੀ ਹੈ।

*(ਚੁੱਪ)*

ਸਮਾਜ : ਸਮਾਜ ਇਹਦਾ ਕੀ ਜਵਾਬ ਦੇਵੇ ?
ਭੈਣਾਂ : ਫੇਰ ਜਵਾਬ ਅਸੀਂ ਦਿੰਦੀਆਂ ਹਾਂ।
ਸਮਾਜ : ਤੁਸੀਂ।
ਭੈਣਾਂ : ਹਾਂ ਅਸੀਂ-ਕਿਉਂਕਿ ਜਦੋਂ ਅਸੀਂ ਜੰਮੀਆਂ ਸਾਂ ਤਾਂ ਸਾਡੇ ਮਾਪੇ ਉਦਾਸ ਹੋਏ ਸਨ ਰੋਣ ਹਾਕੇ ਹੋਏ ਸਨ – ਰੋਏ ਸਨ – ਪਤਾ ਜੇ ਕਿਉਂ ?
ਸਮਾਜ : ਕਿਉਂ ?
ਭੈਣਾਂ : ਕਿਉਂਕਿ ਉਹਨਾਂ ਨੂੰ ਦਾਜ ਦੇਣਾ ਪੈਣਾ ਸੀ।
ਸਮਾਜ : ਫੇਰ ਇਸ ਵਿਚ ਸਮਾਜ ਕੀ ਕਰੇ ?
ਭੈਣਾਂ : ਸਮਾਜ ਆਪਣੀ ਸੋਚ ਬਦਲੇ।
ਸਮਾਜ : ਸੋਚ
ਭੈਣਾਂ : ਸਮਾਜ ਭੈੜੇ ਰਿਵਾਜ ਬਦਲੇ।
ਸਮਾਜ : ਰਿਵਾਜ।
ਭੈਣਾਂ : ਸਮਾਜ ਔਰਤ ਦੇ ਹੱਕਾਂ ਦੀ ਗੱਲ ਕਰੇ।
ਸਮਾਜ : ਔਰਤ ਦੇ ਹੱਕ।
ਭੈਣਾਂ : ਸਮਾਜ ਔਰਤ ਨੂੰ ਮਾਣ ਦੇਵੇ।
ਸਮਾਜ : ਮਾਣ।
ਭੈਣਾਂ : ਸਮਾਜ ਔਰਤ ਨੂੰ ਇੱਜ਼ਤ ਦੇਵੇ।
ਸਮਾਜ : ਇੱਜ਼ਤ।
ਭੈਣਾਂ : ਸਮਾਜ ਔਰਤ ਨੂੰ ਸਤਕਾਰ ਦੇਵੇ।
ਸਮਾਜ : ਸਤਕਾਰ।
ਭੈਣਾਂ : ਸਮਾਜ ਔਰਤ ਨੂੰ ਬਰਾਬਰ ਦਾ ਦਰਜਾ ਦੇਵੇ।
ਸਮਾਜ : ਬਰਾਬਰ ਦਾ ਦਰਜਾ।

ਭੈਣਾਂ : ਸਮਾਜ ਨਵੇਂ ਗੀਤਾਂ ਦੀ ਗੱਲ ਕਰੇ।

ਸਮਾਜ : ਨਵੇਂ ਗੀਤ।

ਭੈਣਾਂ : ਹਾਂ ਨਵੇਂ ਗੀਤ–ਜੋ ਆਜ਼ਾਦੀ ਦੇ ਗੀਤ ਨੇ ਬਰਾਬਰੀ ਦੇ ਗੀਤ ਨੇ ਜਾਗ੍ਰਿਤੀ ਦੇ ਗੀਤ ਨੇ!

ਸਮਾਜ : ਹਾਂ–ਜੋ ਜਾਗ੍ਰਿਤੀ ਦੇ ਗੀਤ ਨੇ।

*(ਭੈਣਾਂ ਵਾਪਸ ਆਪਣੀ ਜਗ੍ਹਾ 'ਤੇ ਜਾਕੇ ਗਰੁੱਪ ਵਿਚ ਚਲਦੀਆਂ ਹਨ।)*

ਗੀਤ : ਕੁੜੀਓ ਜੋਤ ਜਗ੍ਹਾ ਲੋ–ਬਈ ਹੁਣ ਜਾਗੋ ਆਈ ਆ
ਸ਼ਾਵਾ ਬਈ ਹੁਣ ਜਾਗੋ ਆਈ ਆ
ਬੱਲੇ ਬਈ ਹੁਣ ਜਾਗੋ ਆਈ ਆ

1 : ਘਰ ਘਰ ਆਈਆਂ–ਦਰ ਦਰ ਆਈਆਂਹ–2
ਹੱਕਾਂ ਲਈ ਮੰਗਰਾਮ ਦੀ–ਆਵਾਜ਼ ਲਿਆਈਆਂ

2 : ਸ਼ਾਨ ਲਿਆਈਆਂ–ਮਾਣ ਲਿਆਈਆਂ–2
ਖੁਸ਼ੀਆਂ ਦਾ ਪੈਗਾਮ ਤ ਸਨਮਾਨ ਲਿਆਈਆਂ
ਸਵਾ ਬਈ... .. .।
ਬਰਾਬਰੀ ਦਾ ਐਲਾਨ ਲਿਆਈਆਂ
ਖੁਸ਼ੀਆਂ ਦਾ ਪੈਗਾਮ ਲਿਆਈਆਂ
ਹੱਕਾਂ ਲਈ ਸੰਗਰਾਮ ਲਿਆਈਆਂ
ਔਰਤ ਦਾ ਸਨਮਾਮ ਲਿਆਈਆਂ।